# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ

ਐਸ.ਸੀ.ਓ 104-106 , ਦੂਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ
ਫੋਨ ਨੰ: 0172-501565, ਫੈਕਸ ਨੰ: 0172-2624687 ਈ.ਮੇਲ ssapunjab@yahoo.com

## ਹੁਕਮ

ਹੁਕਮ ਨੰ: ਡੀ.ਜੀ.ਐਸ.ਈ/ਕੋਆਰਡੀਨੇਸ਼ਨ/2013/005370 ਮਿਤੀ: 15.03.2013

ਜਿਲ੍ਹਾ ਸਿੱਖਿਆ ਅਫਸਰ (ਐ.ਸਿ) ਅੰਮ੍ਰਿਤਸਰ ਤੋਂ ਪ੍ਰਾਪਤ ਰਿਪੋਰਟ ਅਨੁਸਾਰ ਉਨ੍ਹਾਂ ਵੱਲੋਂ ਅੱਜ ਮਿਤੀ 15.03.2013 ਨੂੰ ਦਸਵੀਂ ਦੀ ਸਲਾਨਾ ਪ੍ਰੀਖਿਆ ਕੇਂਦਰਾਂ ਦੀ ਚੈਕਿੰਗ ਕੀਤੀ ਗਈ ਅਤੇ ਚੈਕਿੰਗ ਦੌਰਾਨ ਪਾਇਆ ਗਿਆ ਕਿ ਸਰਕਾਰੀ ਹਾਈ ਸਕੂਲ ਵਡਾਲਾ ਭਿੱਟੇਵੱਡ, ਅੰਮ੍ਰਿਤਸਰ ਕੇਂਦਰ ਵਿੱਚ ਸਕੂਲ ਦੇ ਇਕ ਕਮਰੇ (ਛੇਵੀਂ ਜਮਾਤ) ਵਿਚੋ ਬਹੁਤ ਜਿਆਦਾ ਨਕਲ ਸਮੱਗਰੀ ਪ੍ਰਾਪਤ ਹੋਈ, ਇਸ ਕਮਰੇ ਵਿਚ ਸਾਰੀ ਨਕਲ ਸਮੱਗਰੀ ਸ੍ਰੀਮਤੀ ਜਸਵਿੰਦਰ ਕੌਰ, ਐਸ.ਐਸ. ਮਿਸਟ੍ਰੈਸ ਕੋਲੋਂ ਪ੍ਰਾਪਤ ਹੋਈ ਜੋ ਕਿ ਇਸ ਕਮਰੇ ਵਿੱਚ ਹੀ ਮੌਜੂਦ ਸੀ। ਪ੍ਰਾਪਤ ਹੋਈ ਨਕਲ ਸਮੱਗਰੀ ਵਿਚ ਤਿਆਰ ਕੀਤੀਆਂ ਪਰਚੀਆਂ ਜਿਸ ਤੇ ਕੋਡ ਪਾਏ ਹੋਏ ਸਨ ਤੇ ਗਾਈਡਾਂ ਵੀ ਫੜੀਆਂ, ਇਹ ਸਾਰੀ ਬਰਾਮਦਗੀ ਕੇਂਦਰ ਕੰਟਰੋਲਰ ਦੀ ਮੈਜੂਦਗੀ ਵਿੱਚ ਕੀਤੀ ਗਈ।

ਉਕਤ ਅਧਿਆਪਕ ਸ੍ਰੀਮਤੀ ਜਸਵਿੰਦਰ ਕੌਰ, ਐਸ.ਐਸ. ਮਿਸਟ੍ਰੈਸ, ਸਰਕਾਰੀ ਹਾਈ ਸਕੂਲ ਵਡਾਲਾ ਭਿੱਟੇਵੱਡ, ਅੰਮ੍ਰਿਤਸਰ ਕੋਲੋ ਨਕਲ ਸਮੱਗਰੀ ਪ੍ਰਾਪਤ ਹੋਣੀ, ਪ੍ਰੀਖਿਆ ਦੌਰਾਨ ਵਿਦਿਆਰਥੀਆਂ ਨੂੰ ਨਕਲ ਕਰਵਾਉਣਾ ਅਤੇ ਨਕਲ ਨੂੰ ਬੜ੍ਹਾਵਾ ਦੇਣਾ ਆਦਿ ਬੜਾ ਹੀ ਨਿਦਨਯੋਗ ਹੈ। ਜਿਸ ਲਈ ਸ੍ਰੀਮਤੀ ਜਸਵਿੰਦਰ ਕੌਰ, ਐਸ.ਐਸ. ਮਿਸਟ੍ਰੈਸ, ਸਰਕਾਰੀ ਹਾਈ ਸਕੂਲ ਵਡਾਲਾ ਭਿੱਟੇਵੱਡ, ਅੰਮ੍ਰਿਤਸਰ ਨੂੰ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਨਿਯਮਾਂ ਦੇ ਨਿਯਮ 4(1) ਅਧੀਨ ਤੁਰੰਤ ਮੁਅੱਤਲ ਕੀਤਾ ਜਾਂਦਾ ਹੈ। ਮੁਅੱਤਲੀ ਦੌਰਾਨ ਉਸਦਾ ਹੈਡ ਕੁਆਟਰ ਦਫਤਰ ਜ਼ਿਲਾ ਸਿੱਖਿਆ ਅਫਸਰ (ਸੈ:ਸਿ) ਫਿਰੋਜਪੁਰ ਵਿਖੇ ਹੋਵੇਗਾ।

ਇਹ ਹੁਕਮ ਤੁਰੰਤ ਲਾਗੂ ਹੋਣਗੇ।

-ਸਹੀ-

**ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ, ਚੰਡੀਗੜ੍ਹ।**

ਪਿਠ ਅੰਕਣ ਨੰ: ਡੀ.ਜੀ.ਐਸ.ਈ/ਕੋਆਰਡੀਨੇਸ਼ਨ/2013/005370 ਮਿਤੀ: 15.03.2013

ਉਪਰੋਕਤ ਦਾ ਉਤਾਰਾ ਨਿਮਨਲਿਖਤ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ :-

1. ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ, ਚੰਡੀਗੜ੍ਹ।
2. ਜ਼ਿਲਾ ਸਿੱਖਿਆ ਅਫਸਰ (ਸੈ:ਸਿ) ਅੰਮ੍ਰਿਤਸਰ ਅਤੇ ਫਿਰੋਜਪੁਰ ।
3. ਸਬੰਧਤ।

-ਸਹੀ-

**ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ, ਚੰਡੀਗੜ੍ਹ।**